# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

(Established by the State Legislature Act.No.21 of 1969)

## ਦਫਤਰ: ਡੀਨ ਵਿਦਿਆਰਥੀ ਭਲਾਈ

ਨੰਬਰ :
ਮਿਤੀ :

ਮਾਨਯੋਗ ਸਮਰੱਥ ਅਧਿਕਾਰੀਆਂ ਦੇ ਆਦੇਸ਼ਾਂ ਮੁਤਾਬਿਕ ਸਮੂਹ ਅਧਿਆਪਨ ਵਿਭਾਗਾਂ ਅਤੇ ਹੋਸਟਲ ਵਾਰਡਨਾਂ ਦੇ ਗਿਆਤ ਹਿਤ ਲਿਖਿਆ ਜਾਂਦਾ ਹੈ ਕਿ ਵਿਭਾਗਾਂ/ਹੋਸਟਲਾਂ ਵਿਚ ਵਿਦਿਆਰਥੀਆਂ ਦੇ ਦਾਖਲਿਆਂ ਉਪਰੰਤ ਵਿਦਿਆਰਥੀਆਂ ਨੂੰ ਜੋ ਆਈ ਕਾਰਡ ਜਾਰੀ ਕੀਤੇ ਜਾਣੇ ਹਨ ਉਸਦਾ ਕੰਮ M/s. Apara identification systems, Amritsar ਨੂੰ ਅਲਾਟ ਕੀਤਾ ਗਿਆ ਹੈ।

ਕਾਰਡਾਂ ਸਬੰਧੀ ਅਗਲੇਰੀ ਕਾਰਵਾਈ ਲਈ ਸਬੰਧਿਤ ਫਰਮ ਜਿਸਦਾ ਕੰਟਰੈਕਟ ਨੰਬਰ **98158-88800 ਅਤ 9814004416 ਹ**, ਨਾਲ ਰਾਫਤਾ ਕੀਤਾ ਜਾਵੇ ਅਤੇ ਇਸ ਸਬੰਧੀ ਨਿਮਨ-ਲਿਖਤ ਵਿਧੀ ਅਪਨਾਈ ਜਾਵੇ:-

ਵਿਭਾਗਾਂ ਦੇ ਮੁਖੀ ਸਾਹਿਬਾਨਾਂ/ਹੋਸਟਲ ਵਾਰਡਨਾਂ ਵਲੋਂ ਵਿਦਿਆਰਥੀਆਂ ਦੇ ਤਸਦੀਕ ਕੀਤੇ ਵੇਰਵੇ ਫਾਰਮ ਤੇ ਭਰਕੇ (ਫਾਰਮ ਯੂਨੀਵਰਸਿਟੀ web site ਤੇ ਉਪਲਬਧ ਹੈ) M/s. Apara identification systems, Amritsar ਜਾਂ ਉਹਨਾਂ ਦੇ ਨੁਮਾਇੰਦੇ ਨੂੰ ਦਿੱਤੇ ਜਾਣ ਅਤੇ ਇਸ ਦੇ ਨਾਲ ਹਰੇਕ ਵਿਦਿਆਰਥੀ ਦੀ ਇਕ ਬਿਨਾਂ ਟੈਸਟ ਕੀਤੀ ਫੋਟੋ ਜਿਸਨੂੰ ਸਕੈਨ ਕੀਤਾ ਜਾਣਾ ਹੈ ਬਿਨਾਂ ਸਟੈਪਲ ਕੀਤੇ ਫਾਰਮ ਨਾਲ ਦਿੱਤੀ ਜਾਵੇ।

ਫਰਮ ਵਲੋਂ ਕਾਰਡ ਤਿਆਰ ਕਰਕੇ ਸਬੰਧਿਤ ਵਿਭਾਗਾਂ/ਹੋਸਟਲਾਂ ਨੂੰ ਦਿੱਤੇ ਜਾਣਗੇ ਅਤੇ ਸਬੰਧਿਤ ਵਿਭਾਗ/ਹੋਸਟਲ ਵਲੋਂ ਇਸ ਦੀ ਸਟਾਕ ਐਂਟਰੀ ਸਬੰਧਿਤ ਵਿਭਾਗ/ਹੋਸਟਲ ਦੇ ਸਟਾਕ ਰਜਿਸਟਰ ਵਿਚ ਕਰਨ ਉਪਰੰਤ ਬਿੱਲ ਅਦਾਇਗੀ ਲਈ ਬਿੱਲ ਨਿਮਨ-ਹਸਤਾਖਰੀ ਪਾਸੋਂ ਪਾਸੋਂ ਤਸਦੀਕ ਕਰਾਉਣ ਉਪਰੰਤ ਆਪਣੇ ਪੱਧਰ ਤੇ ਲੇਖਾ; ਸ਼ਾਖਾ ਨੂੰ ਭੇਜਣਾ ਹੋਵੇਗਾ। ਅਦਾਇਗੀ ਦੀ ਪੂਰੀ ਜਿੰਮੇਵਾਰੀ ਸਬੰਧਿਤ ਵਿਭਾਗ/ਹੋਸਟਲ ਦੀ ਹੋਵੇਗੀ।

ਵਿਭਾਗਾਂ ਦੇ ਵਿਦਿਆਰਥੀਆਂ ਦੇ ਆਈ ਕਾਰਡਾਂ ਤੇ ਆਉਣ ਵਾਲਾ ਖਰਚਾ ਅਮਲਗਾਮੇਟਿਡ ਫੰਡ 54-ਬੀ ਵਿਚੋਂ ਅਤੇ ਹੋਸਟਲਾਂ ਦੇ ਆਈ ਕਾਰਡਾਂ ਦੀ ਅਦਾਇਗੀ ਸਬੰਧਿਤ ਹੋਸਟਲ ਦੇ ਰਿਵਾਲਵਿੰਗ ਫੰਡ ਵਿਚੋਂ ਕਰਨੀ ਹੋਵੇਗੀ।

ਵਿਭਾਗਾਂ/ਹੋਸਟਲਾਂ ਵਲੋਂ ਵਿਦਿਆਰਥੀਆਂ ਤੋਂ ਆਈ ਕਾਰਡਾਂ ਦੇ ਵੱਖਰੇ ਪੈਸੇ ਵਸੂਲ ਨਹੀਂ ਕੀਤੇ ਜਾਣਗੇ।

(ਡਾ ਕਰਨਜੀਤ ਸਿੰਘ ਕਾਹਲੋਂ)
ਡੀਨ, ਵਿਦਿਆਰਥੀ ਭਲਾਈ

ਨੋਟ: ਗਵਾਚੇ ਆਈ ਕਾਰਡ ਜਾਰੀ ਕਰਨ ਦੇ ਕੇਸਾਂ ਵਿਚ ਵਿਦਿਆਰਥੀਆਂ ਪਾਸੋਂ ਨਿਯਮਾਂ ਅਨੁਸਾਰ ਬਣਦੀ 100/-ਰੁਪਏ ਜੁਰਮਾਨਾ ਫੀਸ ਫਾਰਮ ਜੋ ਯੂਨੀਵਰਸਿਟੀ ਵੈਬ ਸਾਈਟ ਤੇ ਉਪਲਬਧ ਹੈ, ਤੇ ਭਰਕੇ ਯੂਨੀਵਰਸਿਟੀ ਕੈਸ਼ੀਅਰ ਪਾਸ ਅਮਲਗਾਮੇਟਿਡ ਫੰਡ 54-ਬੀ ਵਿਚ ਜਮ੍ਹਾਂ ਕਰਾਉਣ ਦੀ ਰਸੀਦ ਪ੍ਰਾਪਤ ਕਰਨ ਉਪਰੰਤ ਹੀ ਕਾਰਡ ਜਾਰੀ ਕੀਤਾ ਜਾਵੇ। ਹੋਸਟਲਾਂ ਲਈ ਜੁਰਮਾਨੇ ਦੀ ਰਕਮ ਸਬੰਧਿਤ ਹੋਸਟਲ ਦੇ ਰਿਵਾਲਵਿੰਗ ਫੰਡ ਵਿਚ ਜਮ੍ਹਾਂ ਕਰਾਉਣੀ ਹੋਵੇਗੀ।

<u>ਮੁਖੀ, ਸਮੂਹ ਅਧਿਆਪਨ ਵਿਭਾਗ</u>
<u>ਸਬੰਧਿਤ ਹੋਸਟਲ ਵਾਰਡਨ</u>

ਉਪਰੋਕਤ ਦਾ ਉਤਾਰਾ M/s. Apara identification systems, Amritsar ਅੰਮ੍ਰਿਤਸਰ ਨੂੰ ਅਗਲੇਰੀ ਕਾਰਵਾਈ ਲਈ ਭੇਜਦਿਆਂ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਸਬੰਧਿਤ ਵਿਭਾਗਾਂ ਦੇ ਮੁਖੀ ਸਾਹਿਬਾਨਾਂ ਅਤੇ ਹੋਸਟਲ ਵਾਰਡਨਾਂ ਨਾਲ ਸੰਪਰਕ ਕੀਤਾ ਜਾਵੇ।

# GURU NANAK DEV UNIVERSITY,AMRITSAR

## STUDENT IDENTITY CARD FORM

(All Performa fill in Block Letters)

Affixed passport size photograph

Application ID: ________________________________(Mandatory)

Name: __________________________________________

Fathers' Name: __________________________________________

Date of Birth __________________________________________

Course : __________________________________________

Duration of Course: (From _______________ To _____________) _____Years

Department: ____________________________________________________

Date of Joining: ____________________________________________________

Class ____________________________________________________

Permanent Address ____________________________________________________

______________________________________________________________________

______________________________________________________________________

Tel. No. (With STD Code) __________________________ Mobile _______________

Signature of the Student

Signature of H.O.D.
(With Seal)

# <u>ਪ੍ਰੋਫਾਰਮਾ</u>

ਵਿਸ਼ਾ:- ਗੁੰਮ ਹੋਏ ਸ਼ਨਾਖਤੀ ਕਾਰਡ ਦੀ ਸੂਰਤ ਵਿਚ ਡੁਪਲੀਕੇਟ ਸ਼ਨਾਖਤੀ ਕਾਰਡ ਬਣਾਉਣ ਬਾਰੇ।

✓ ਮੈ. ____________________ ਪੁੱਤਰ/ ਪੁੱਤਰੀ ਸ਼੍ਰੀ ________________ ਵਾਸੀ
__________________________________________________________________________
__________________________________________________________________________
__________________________________________________________________________
ਵਿਭਾਗ ___________________ ਕਲਾਸ ___________________ ਰੋਲ ਨੰਬਰ ____________
ਇਸ ਲਿਖਤ ਰਾਹੀ ਬਿਆਨ ਕਰਦਾ/ਕਰਦੀ ਹਾ ਕਿ ਮੇਰਾ ਸ਼ਨਾਖਤੀ ਕਾਰਡ ਨੰਬਰ _____________ (ਜੇ ਕੋਈ ਹੋਵੇ) ਹਰ ਸੰਭਵ ਸਾਵਧਾਨੀ ਦੇ ਬਾਵਜੂਦ ਗੁੰਮ ਹੋ ਗਿਆ ਹੈ।

✓ ਮੇਰਾ ਸ਼ਨਾਖਤੀ ਕਾਰਡ ਕਿਸੇ ਵੀ ਸੰਸਥਾ ਜਾ ਵਿਅਕਤੀ ਨੂੰ ਕਿਸੇ ਵੀ ਕਾਰਵਾਈ ਲਈ ਲੋੜੀਂਦਾ ਨਹੀ ਸੀ ਅਤੇ ਨਾ ਹੀ ਕਿਸੇ ਨੇ ਮੇਰੇ ਪਾਸੋ ਲਿਆ ਹੈ। ਜੇਕਰ ਕਿਸੇ ਵੀ ਵਿਅਕਤੀ ਜਾ ਸੰਸਥਾ ਨੇ ਮੇਰੇ ਗੁੰਮ ਹੋਏ ਸ਼ਨਾਖਤੀ ਕਾਰਡ ਦੀ ਦੁਰ-ਵਰਤੋ ਕੀਤੀ ਤਾ ਮੈ ਉਸ ਲਈ ਜਿੰਮੇਵਾਰ ਹੋਵਾਗਾ/ਹੋਵਾਗੀ।

✓ ਮੈ ਡੁਪਲੀਕੇਟ ਸ਼ਨਾਖਤੀ ਕਾਰਡ ਲੈਣ ਲਈ 100/- ਜੁਰਮਾਨਾ ਫੀਸ ਵਜੋ ਯੂਨੀਵਰਸਿਟੀ ਦੇ ਅਮਲਗਾਮੇਟਿਡ ਫੰਡ 54-ਬੀ ਵਿਚ ਯੂਨੀਵਰਸਿਟੀ ਕੈਸ਼ੀਅਰ ਪਾਸ ਕੈਸ਼ ਰਸੀਦ ਨੰਬਰ ___________ ਮਿਤੀ _______________ ਰਾਹੀ ਜਮ੍ਹਾ ਕਰਵਾ ਦਿੱਤੇ ਹਨ।

✓ ਮੇਰਾ ਉਕਤ ਬਿਆਨ ਆਪਣੇ ਹੋਸ਼ ਹਵਾਸ ਅਤੇ ਸੂਝ ਬੂਝ ਅਨੁਸਾਰ ਤੱਥਾਂ ਮੁਤਾਬਿਕ ਸਹੀ ਹੈ ਅਤੇ ਇਸ ਵਿਚ ਕੋਈ ਵੀ ਤੱਥ ਲੁਕਾ ਕੇ ਨਹੀ ਰੱਖਿਆਂ ਅਤੇ ਮੇਰਾ ਬਿਆਨ ਗਲਤ ਹੋਣ ਦੀ ਸੂਰਤ ਵਿਚ ਯੂਨੀਵਰਸਿਟੀ ਮੇਰੇ ਖਿਲਾਫ ਕਿਸੇ ਹੱਦ ਵੀ ਕਾਰਵਾਈ ਕਰ ਸਕਦੀ ਹੈ।

ਵਿਦਿਆਰਥੀ/ਵਿਦਿਆਰਥਣ ਦੇ ਹਸਤਾਖਰ

ਤਸਦੀਕ ਕਰਤਾ

<u>ਉਤਾਰਾ:-</u>
<u>ਸੁਰੱਖਿਆਂ ਅਫਸਰ ਜਾਣਕਾਰੀ ਅਤੇ ਲੋੜੀਦੀ ਕਾਰਵਾਈ ਲਈ</u>